# ਪੂਬੰਧਕੀ ਸਾਰਾਂਸ਼:

# ਐਕਸੈਸੀਬਲ ਸਰਵਿਸ ਡਲਿਵਰੀ ਸਟੈਂਡਰਡ ਅਤੇ ਇੰਪ੍ਲਾਇਮੈਂਟ ਐਕਸੈਸਿਬਿਲਟੀ ਸਟੈਂਡਰਡ








BRITISH COLUMBIA

# ਜਾਣ-ਪਹਿਚਾਣ

ਪ੍ਰੋਵੈਂਸ਼ੀਅਲ ਐਕਸੈਸਿਬਿਲਟੀ ਕਮੇਟੀ ਨੇ ਸਿਫ਼ਾਰਸ਼ਾਂ ਦੀਆਂ ਮੁਢਲੀਆਂ ਰੂਪ-ਰੇਖਾਵਾਂ ਤਿਆਰ ਕੀਤੀਆਂ ਹਨ, ਜਿਹੜੀਆਂ ਉਹਨਾਂ ਰੁਕਾਵਟਾਂ ਨੂੰ ਦੂਰ ਕਰਨਗੀਆਂ ਅਤੇ ਰੋਕਣਗੀਆਂ, ਜਿਹੜੀਆਂ ਅਪਾਹਜਤਾ ਵਾਲੇ ਲੋਕਾਂ ਨੂੰ ਕੰਮਾਂ-ਕਾਰਾਂ ਵਿੱਚ ਬਰਾਬਰ ਦੀ ਭਾਗੀਦਾਰੀ ਕਰਨ ਅਤੇ ਕਮਿਊਨਿਟੀ ਦੀਆਂ ਸੇਵਾਵਾਂ ਤੱਕ ਪਹੁੰਚ ਕਰਨ ਤੋਂ ਰੋਕਦੀਆਂ ਹਨ।

ਇਹ ਦਸਤਾਵੇਜ਼ ਐਕਸੈਸੀਬਲ ਸਰਵਿਸ ਡਲਿਵਰੀ ਸਟੈਂਡਰਡ ਅਤੇ ਇੰਪ੍ਰਲਾਏਮੈਂਟ ਐਕਸੈਸਿਬਿਲਟੀ ਸਟੈਂਡਰਡ ਬਾਰੇ ਪ੍ਰੋਵੈਂਸ਼ੀਅਲ ਐਕਸੈਸਿਬਿਲਟੀ ਕਮੇਟੀ ਦੀਆਂ ਪ੍ਰਸਤਾਵਿਤ ਸਿਫ਼ਾਰਸ਼ਾਂ ਦਾ ਸਾਰ ਪ੍ਰਦਾਨ ਕਰਦਾ ਹੈ। ਐਕਸੈਸੀਬਲ ਸਰਵਿਸ ਡਲਿਵਰੀ ਸਟੈਂਡਰਡ ਲਈ ਸਿਫ਼ਾਰਸ਼ਾਂ ਫਿਜ਼ੀਕਲ ਅਤੇ ਵਰਚੁਅਲ ਵਾਤਾਵਰਣ ਵਿੱਚ ਸੇਵਾ ਸੰਸਥਾਵਾਂ ਦੇ ਅੰਦਰ ਰੁਕਾਵਟਾਂ ਨੂੰ ਦੂਰ ਕਰਨ 'ਤੇ ਕੇਂਦਰਿਤ ਹਨ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਘਟਨਾਵਾਂ, ਗਤੀਵਿਧੀਆਂ, ਸਲਾਹ ਅਤੇ ਸਮਾਨ ਖਰੀਦਣ ਦੀ ਪ੍ਰਕਿਰਿਆ ਪਹੁੰਚਯੋਗ ਤਰੀਕਿਆਂ ਨਾਲ ਪ੍ਰਦਾਨ ਕੀਤੀ ਜਾਂਦੀ ਹੈ। ਇੰਪ੍ਰਲਾਏਮੈਂਟ ਐਕਸੈਸਿਬਿਲਟੀ ਸਟੈਂਡਰਡ ਲਈ ਸਿਫ਼ਾਰਸ਼ਾਂ ਦਾ ਉਦੇਸ਼ ਭਰਤੀ, ਸਿਖਲਾਈ ਅਤੇ ਕੰਮਾਂ ਉੱਪਰ ਟਿਕੇ ਰਹਿਣ ਵਿੱਚ ਰੁਕਾਵਟਾਂ ਦੀ ਪਛਾਣ ਕਰਨਾ, ਉਨ੍ਹਾਂ ਨੂੰ ਦੂਰ ਕਰਨਾ ਅਤੇ ਰੋਕਣਾ ਹੈ।

ਪ੍ਰਸਤਾਵਿਤ ਮਾਪਦੰਡ ਦੂਜੇ ਭਾਈਚਾਰਿਆਂ ਵਿੱਚ ਪਹੁੰਚਯੋਗਤਾ ਮਿਆਰਾਂ ਦੇ ਪ੍ਰਬੰਧਾਂ, ਕਾਨੂੰਨਾਂ ਅਤੇ ਨਿਯਮਾਂ, ਅਤੇ ਬੀ ਸੀ ਦੇ ਮੌਜੂਦਾ ਸੂਬਾਈ ਕਾਨੂੰਨ ਅਤੇ ਨਿਯਮਾਂ ਉੱਪਰ ਅਧਾਰਤ ਹਨ। ਹਰੇਕ ਪ੍ਰਸਤਾਵਿਤ ਮਿਆਰ ਨੂੰ ਤਿੰਨ ਮੁੱਖ ਥੀਮੈਟਿਕ ਖੇਤਰਾਂ ਵਿੱਚ ਵੰਡਿਆ ਗਿਆ ਹੈ।

# ਐਕਸੈਸੀਬਲ ਸਰਵਿਸ ਡਲਿਵਰੀ ਸਟੈਂਡਰਡ

### 1. ਪਹੁੰਚਯੋਗ ਸੰਸਥਾਵਾਂ

ਪ੍ਰੋਵੈਂਸ਼ੀਅਲ ਐਕਸੈਸਿਬਿਲਟੀ ਕਮੇਟੀ ਇਸ ਥੀਮ ਦੇ ਤਹਿਤ 11 ਸਿਫ਼ਾਰਸ਼ਾਂ ਪ੍ਰਸਤਾਵਿਤ ਕਰ ਰਹੀ ਹੈ। ਸਿਫ਼ਾਰਸ਼ਾਂ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਸੰਸਥਾਵਾਂ ਸਾਰਿਆਂ ਲਈ ਹੋਣ (ਇਨਕਲੁਸਿਵ) ਅਤੇ ਜਵਾਬਦੇਹ ਹੋਣ, ਅਤੇ ਉਹਨਾਂ ਤਰੀਕਿਆਂ ਨਾਲ ਕੰਮ ਕਰਦੀਆਂ ਹੋਣ, ਜਿਹੜੇ ਅਪਾਹਜ ਲੋਕਾਂ ਲਈ ਕੰਮ ਕਰਨ ਅਤੇ ਬੇਨਤੀ ਕੀਤੇ ਜਾਣ 'ਤੇ ਵਿਸ਼ੇਸ਼ ਸਹੂਲਤ ਦੀ ਪੇਸ਼ਕਸ਼ ਕਰਦੀਆਂ ਹੋਣ। ਉਦਾਹਰਨ ਲਈ, ਸੰਸਥਾਵਾਂ ਲਈ ਲਾਜ਼ਮੀ ਹੈ:

- ਕੋਈ ਵੀ ਪਹੁੰਚਯੋਗਤਾ ਵਾਲੇ ਫੀਚਰ ਮੁਫ਼ਤ ਵਿੱਚ ਪ੍ਰਦਾਨ ਕਰਨ
- ਸੇਵਾਵਾਂ ਵਿੱਚ ਤਬਦੀਲੀਆਂ ਜਾਂ ਵਿਘਨ ਬਾਰੇ ਸੰਚਾਰ ਕਰਨ
- ਇਹ ਯਕੀਨੀ ਬਣਾਉਣ ਕਿ ਸਟਾਫ਼ ਅਪਾਹਜ ਲੋਕਾਂ ਨੂੰ ਸੇਵਾਵਾਂ ਪ੍ਰਦਾਨ ਕਰਨ ਅਤੇ ਉਹਨਾਂ ਨੂੰ ਵਿਸ਼ੇਸ਼ ਸਹਿਯੋਗ ਦੇਣ ਲਈ ਸਿਖਲਾਈ ਪ੍ਰਾਪਤ ਹੈ

### 2. ਅਪਾਹਜ ਲੋਕਾਂ ਨੂੰ ਸਮਰੱਥ ਬਣਾਉਣਾ ਅਤੇ ਉਹਨਾਂ ਨੂੰ ਉਹਨਾਂ ਦੇ ਆਪਣੇ ਤਜਰਬੇ ਵਿੱਚ ਮਾਹਿਰਾਂ ਵਜੋਂ ਸਨਮਾਨਿਤ ਕਰਨਾ

ਪ੍ਰੋਵੈਂਸ਼ੀਅਲ ਐਕਸੈਸਿਬਿਲਟੀ ਕਮੇਟੀ ਇਸ ਥੀਮ ਦੇ ਤਹਿਤ ਪੰਜ ਸਿਫ਼ਾਰਸ਼ਾਂ ਦਾ ਪ੍ਰਸਤਾਵ ਕਰ ਰਹੀ ਹੈ, ਜਿਹੜੀਆਂ ਇਹ ਯਕੀਨੀ ਬਣਾਉਣਗੀਆਂ ਕਿ ਅਪਾਹਜਤਾ ਵਾਲੇ ਲੋਕਾਂ ਨੂੰ ਆਪਣੇ ਜੀਵਨ ਬਾਰੇ ਸਿਖਿਅਤ ਚੋਣ ਕਰਨ ਯੋਗ ਬਣਾਇਆ ਜਾਵੇ। ਸੰਸਥਾਵਾਂ ਇਹਨਾਂ ਦੁਆਰਾ ਸੇਵਾਵਾਂ ਤੱਕ ਸੁਤੰਤਰ ਪਹੁੰਚ ਦੀ ਸਹੂਲਤ ਪ੍ਰਦਾਨ ਕਰ ਸਕਦੀਆਂ ਹਨ:

- ਫਿਜ਼ੀਕਲ ਅਤੇ ਵਰਚੁਅਲ ਵਾਤਾਵਰਨ ਵਿੱਚ ਰੁਕਾਵਟਾਂ ਨੂੰ ਹਟਾਉਣਾ
- ਉਹਨਾਂ ਦੇ ਸਰਵਿਸ ਡਲਿਵਰੀ ਮਾਡਲ ਲਈ ਬਦਲ ਪ੍ਰਦਾਨ ਕਰਨਾ
- ਅਪਾਹਜ ਲੋਕਾਂ ਨਾਲ ਸਹਿਯੋਗ ਕਰ ਕੇ ਸਾਰਿਆਂ ਲਈ ਐਮਰਜੈਂਸੀ ਹੁੰਗਾਰੇ(ਰਿਸਪੌਂਸ) ਲਈ ਯੋਜਨਾਵਾਂ ਬਣਾਉਣਾ

### 3. ਅਪਾਹਜ ਲੋਕਾਂ ਦੁਆਰਾ ਅਨੁਭਵ ਕੀਤੀਆਂ ਜਾਂਦੀਆਂ ਰੁਕਾਵਟਾਂ ਨੂੰ ਦੂਰ ਕਰਨਾ

ਪ੍ਰੋਵੈਂਸ਼ੀਅਲ ਐਕਸੈਸਿਬਿਲਟੀ ਕਮੇਟੀ ਇਸ ਥੀਮ ਦੇ ਤਹਿਤ ਚਾਰ ਸਿਫ਼ਾਰਸ਼ਾਂ ਦਾ ਪ੍ਰਸਤਾਵ ਕਰ ਰਹੀ ਹੈ। ਇਹ ਸੰਗਠਨ ਦੀ ਜ਼ਿੰਮੇਵਾਰੀ ਵੱਲ ਕੇਂਦਰਿਤ ਹਨ ਕਿ ਉਹ ਸਾਧਨਾਂ ਅਤੇ ਉਪਕਰਣਾਂ ਦੀ ਉਪਲਬਧਤਾ ਅਤੇ ਵਰਤੋਂ ਨੂੰ ਯਕੀਨੀ ਬਣਾਏ ਅਤੇ ਨਾਲ ਹੀ ਅਪਾਹਜ ਲੋਕਾਂ ਲਈ ਸੇਵਾਵਾਂ ਤੱਕ ਪਹੁੰਚ ਕਰਨ ਦੇ ਵੱਖਰੇ ਤਰੀਕਿਆਂ ਦੀ ਪੇਸ਼ਕਸ਼ ਕਰੇ। ਸਹਾਇਕ ਵਿਅਕਤੀਆਂ, ਗਾਈਡ ਅਤੇ ਸੇਵਾ ਵਾਲੇ ਕੁੱਤਿਆਂ ਅਤੇ ਸਹਾਇਕ ਯੰਤਰਾਂ ਦਾ ਸਾਰੇ ਸਥਾਨਾਂ ਵਿੱਚ ਸਵਾਗਤ ਕੀਤਾ ਜਾਣਾ ਚਾਹੀਦਾ ਹੈ। ਲੋਕਾਂ ਨੂੰ ਇਹਨਾਂ ਸਹੂਲਤਾਂ ਦੀ ਵਰਤੋਂ ਕਰਨ ਲਈ ਰੁਕਾਵਟਾਂ ਦਾ ਸਾਹਮਣਾ ਨਹੀਂ ਕਰਨਾ ਚਾਹੀਦਾ ਜਾਂ ਵਾਧੂ ਫ਼ੀਸਾਂ ਦਾ ਭੁਗਤਾਨ ਨਹੀਂ ਕਰਨਾ ਚਾਹੀਦਾ।

# ਐਕਸੈਸੀਬਲ ਇੰਪਲਾਇਮੈਂਟ ਸਟੈਂਡਰਡ ਸਿਫ਼ਾਰਸ਼ਾਂ

### 1. ਭਰਤੀ ਪ੍ਰਕਿਰਿਆ ਅਤੇ ਨੌਕਰੀ ਲਈ ਰੱਖਣਾ

ਪ੍ਰੋਵੈਂਸ਼ੀਅਲ ਐਕਸੈਸਿਬਿਲਟੀ ਕਮੇਟੀ ਇਸ ਵਿਸ਼ੇ ਅਧੀਨ ਦੋ ਸਿਫ਼ਾਰਸ਼ਾਂ ਦਾ ਪ੍ਰਸਤਾਵ ਕਰ ਰਹੀ ਹੈ। ਇਹਨਾਂ ਸਿਫ਼ਾਰਸ਼ਾਂ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਲੋਕ ਇਸ ਬਾਰੇ ਸੂਚਿਤ ਫ਼ੈਸਲੇ ਲੈ ਸਕਣ ਕਿ ਕੰਮ ਉਹਨਾਂ ਲਈ ਸਮਾਨਤਾ ਅਤੇ ਪਹੁੰਚ ਵਾਲਾ ਹੋਵੇਗਾ ਅਤੇ ਉਹ ਰੁਕਾਵਟਾਂ ਦਾ ਸਾਹਮਣਾ ਕੀਤੇ ਬਿਨਾਂ ਨੌਕਰੀਆਂ ਲਈ ਅਰਜ਼ੀ ਦੇ ਸਕਦੇ ਹਨ। ਉਦਾਹਰਨ ਲਈ, ਰੁਜ਼ਗਾਰਦਾਤਾਵਾਂ ਦੁਆਰਾ ਬਿਨੈਕਾਰਾਂ ਨੂੰ ਭਰਤੀ ਅਤੇ ਚੋਣ ਪ੍ਰਕਿਰਿਆ ਦੇ ਸਾਰੇ ਪੜਾਵਾਂ ਦੇ ਨਾਲ ਨਾਲ ਨੌਕਰੀ ਦੌਰਾਨ ਉਪਲਬਧ ਸਹੂਲਤਾਂ ਬਾਰੇ ਦੱਸਣ ਦੀ ਲੋੜ ਹੁੰਦੀ ਹੈ। ਰੁਜ਼ਗਾਰਦਾਤਾਵਾਂ ਨੂੰ ਕਿਸੇ ਬਿਨੈਕਾਰ ਤੋਂ ਅਪਾਹਜਤਾ ਦੇ ਸਬੂਤ ਦੀ ਬੇਨਤੀ ਨਹੀਂ ਕਰਨੀ ਚਾਹੀਦੀ।

### 2. ਕੰਮ 'ਤੇ ਪਹੁੰਚ ਯੋਗਤਾ

ਪ੍ਰੋਵੈਂਸ਼ੀਅਲ ਐਕਸੈਸਿਬਿਲਟੀ ਕਮੇਟੀ ਇਸ ਥੀਮ ਦੇ ਤਹਿਤ 12 ਸਿਫ਼ਾਰਸ਼ਾਂ ਪ੍ਰਸਤਾਵਿਤ ਕਰ ਰਹੀ ਹੈ। ਇਹਨਾਂ ਦਾ ਫੋਕਸ ਇਹ ਯਕੀਨੀ ਬਣਾਉਣਾ ਹੈ ਕਿ ਅਪਾਹਜਤਾ ਵਾਲਾ ਸਟਾਫ਼ ਰੁਜ਼ਗਾਰ ਦੇ ਸਾਰੇ ਪਹਿਲੂਆਂ ਵਿੱਚ ਹਿੱਸਾ ਲੈ ਸਕਦਾ ਹੋਵੇ- ਆਨ-ਬੋਰਡਿੰਗ ਅਤੇ ਸਿਖਲਾਈ ਤੋਂ ਲੈ ਕੇ ਨੌਕਰੀ ਦੀ ਕਾਰਗੁਜ਼ਾਰੀ ਅਤੇ  ਪ੍ਰਬੰਧਕੀ ਨਿਭਾਅ ਤੱਕ- ਬਿਨਾਂ ਕਿਸੇ ਮੁਸ਼ਕਲ ਦੇ। ਇੱਕ ਪਹੁੰਚਯੋਗ ਕੰਮ ਵਾਲੀ ਥਾਂ ਬਣਾਉਣ ਦੀਆਂ ਉਦਾਹਰਨਾਂ ਵਿੱਚ ਸ਼ਾਮਲ ਹਨ:

- ਸਮੇਂ ਸਿਰ ਵੱਖ-ਵੱਖ ਆਡੀਓ/ਵਿਜ਼ੂਅਲ ਰੂਪਾਂ ਵਿੱਚ ਸੰਚਾਰ ਦੀ ਪੇਸ਼ਕਸ਼ ਕਰਨਾ
- ਵਿਅਕਤੀਗਤ ਸਹੂਲਤ ਦੀਆਂ ਯੋਜਨਾਵਾਂ ਵਿਕਸਿਤ ਕਰਨ ਲਈ ਸਟਾਫ਼ ਨਾਲ ਕੰਮ ਕਰਨਾ
- ਅਪਾਹਜਤਾ ਵਾਲੇ ਸਟਾਫ਼ ਦੀ ਸ਼ਮੂਲੀਅਤ ਸਮੇਤ ਐਮਰਜੈਂਸੀ ਯੋਜਨਾਬੰਦੀ ਨੂੰ ਯਕੀਨੀ ਬਣਾਉਣਾ
- ਪਹੁੰਚਯੋਗ ਰੂਪਾਂ ਵਿੱਚ ਸਿਖਲਾਈ ਪ੍ਰਦਾਨ ਕਰਨਾ

### 3. ਸੰਗਠਨ ਨੂੰ ਬਰਾਬਰਤਾ ਵਾਲਾ ਬਣਾਉਣਾ

ਪ੍ਰੋਵੈਂਸ਼ੀਅਲ ਐਕਸੈਸਿਬਿਲਟੀ ਕਮੇਟੀ ਇਸ ਥੀਮ ਤਹਿਤ ਪੰਜ ਸਿਫ਼ਾਰਸ਼ਾਂ ਦਾ ਪ੍ਰਸਤਾਵ ਕਰ ਰਹੀ ਹੈ। ਇਹਨਾਂ ਸਿਫ਼ਾਰਸ਼ਾਂ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਰੁਜ਼ਗਾਰਦਾਤਾ ਅਜਿਹੀਆਂ ਨੀਤੀਆਂ ਬਣਾਉਣ, ਜਿਹੜੀਆਂ ਪਹੁੰਚਯੋਗ ਵਾਤਾਵਰਣ ਅਤੇ ਅਮਲਾਂ ਨੂੰ ਉਤਸ਼ਾਹਿਤ ਕਰਨ ਅਤੇ ਲੋਕਾਂ ਨੂੰ ਵਿਤਕਰੇ ਤੋਂ ਬਚਾਉਣ। ਸਰਗਰਮੀ ਨਾਲ ਸਹੂਲਤਾਂ ਦੀ ਪੇਸ਼ਕਸ਼ ਕਰਕੇ, ਬਰਾਬਰਤਾ ਵਾਲੀਆਂ ਨੀਤੀਆਂ 'ਤੇ ਚਰਚਾ ਕਰਕੇ, ਅਪਾਹਜਤਾ  ਵਾਲੇ ਲੋਕਾਂ ਨੂੰ ਬਰਾਬਰ ਮੁਆਵਜ਼ੇ ਅਤੇ ਭੱਤੇ ਦੀ ਪੇਸ਼ਕਸ਼ ਕਰਕੇ, ਅਤੇ ਯੂਨੀਅਨਾਂ ਨਾਲ ਕੰਮ ਕਰ ਕੇ  ਇਹ ਯਕੀਨੀ ਬਣਾਉਣ ਲਈ ਕਿ ਸਮੂਹਿਕ ਸਮਝੌਤੇ ਰੁਕਾਵਟਾਂ ਨਾ ਪੈਦਾ  ਕਰਦੇ ਹੋਣ, ਰੁਜ਼ਗਾਰਦਾਤਾ ਸਾਰੇ ਸਟਾਫ਼ ਲਈ ਬਰਾਬਰਤਾ ਵਾਲਾ ਅਤੇ ਪਹੁੰਚਯੋਗਤਾ ਵਾਲਾ ਸੱਭਿਆਚਾਰ ਬਣਾ ਸਕਦੇ ਹਨ।

# ਅਮਲ ਨੂੰ ਸਫ਼ਲ ਬਣਾਉਣਾ

ਪ੍ਰੋਵੈਂਸ਼ੀਅਲ ਐਕਸੈਸਿਬਿਲਟੀ ਕਮੇਟੀ ਸਰੋਤਾਂ ਦੀਆਂ ਕਿਸਮਾਂ 'ਤੇ ਸੁਝਾਵਾਂ ਦੀ ਮੰਗ ਕਰ ਰਹੀ ਹੈ, ਜਿਹੜੇ ਪ੍ਰਸਤਾਵਿਤ ਸਿਫ਼ਾਰਸ਼ਾਂ ਨੂੰ ਲਾਗੂ ਕਰਨ ਵਿੱਚ ਸੰਸਥਾਵਾਂ ਦੀ ਮਦਦ ਕਰਨਗੇ। ਇਸ ਵਿੱਚ ਚੈਕਲਿਸਟਾਂ, ਮਾਡਲ ਨੀਤੀਆਂ, ਸਿਖਲਾਈ ਅਤੇ ਹੋਰ ਸਹਾਇਤਾ ਵਰਗੀਆਂ ਚੀਜ਼ਾਂ ਸ਼ਾਮਲ ਹੋ ਸਕਦੀਆਂ ਹਨ।

ਪ੍ਰੋਵੈਂਸ਼ੀਅਲ ਐਕਸੈਸਿਬਿਲਟੀ ਕਮੇਟੀ ਇਹ ਸੁਣਨ ਵਿੱਚ ਵੀ ਦਿਲਚਸਪੀ ਰੱਖਦੀ ਹੈ ਕਿ ਮਿਆਰਾਂ ਦੇ ਕਿਹੜੇ ਤੱਤ ਤੇਜ਼ੀ ਨਾਲ ਕੀਤੇ ਜਾ ਸਕਦੇ ਹਨ ਅਤੇ ਕਿਹੜਿਆਂ ਵਿੱਚ ਜ਼ਿਆਦਾ ਸਮਾਂ ਲੱਗ ਸਕਦਾ ਹੈ। ਇਹ ਮੰਨਦੇ ਹੋਏ ਕਿ ਕੁਝ ਸਿਫ਼ਾਰਸ਼ਾਂ ਸਾਰੀਆਂ ਸੰਸਥਾਵਾਂ ਲਈ ਉਚਿਤ ਨਹੀਂ ਹੋ ਸਕਦੀਆਂ, ਪ੍ਰੋਵੈਂਸ਼ੀਅਲ ਐਕਸੈਸਿਬਿਲਟੀ ਕਮੇਟੀ ਪ੍ਰਸਤਾਵਿਤ ਮਾਪਦੰਡਾਂ ਲਈ ਅਰਜ਼ੀ ਦੀ ਗੁੰਜਾਇਸ਼ ਬਾਰੇ ਸਰਕਾਰ ਨੂੰ ਆਪਣੀ ਸਲਾਹ ਬਾਰੇ ਸੂਚਿਤ ਕਰਨ ਲਈ ਲੋਕਾਂ ਅਤੇ ਸੰਸਥਾਵਾਂ ਦੇ ਫੀਡ ਬੈਕ ਦੀ ਵਰਤੋਂ ਕਰੇਗੀ। ਤੁਹਾਡੀ ਫੀਡ ਬੈਕ ਪ੍ਰਦਾਨ ਕਰਨ ਦੇ ਕਈ ਤਰੀਕੇ ਹਨ, ਜਿਸ ਵਿੱਚ ਐਕਸੈਸਿਬਿਲਟੀ ਸਟੈਂਡਰਡਜ਼ ਸਰਵੇਅ ਨੂੰ ਪੂਰਾ ਕਰਨਾ ਸ਼ਾਮਲ ਹੈ।

BRITISH COLUMBIA